ਪੰਜਾਬ ਸਰਕਾਰ

ਲੋਕ ਨਿਰਮਾਣ ਵਿਭਾਗ

(ਇਮਾਰਤਾਂ ਤੇ ਸੜਕਾਂ-1 ਸ਼ਾਖਾ)

## ਦਫਤਰੀ ਹੁਕਮ

1. ਲੋਕ ਨਿਰਮਾਣ ਵਿਭਾਗ ਵਿੱਚ ਵਿਭਾਗੀ ਤਰੱਕੀ ਕਮੇਟੀ ਵਲੋਂ ਮਿਤੀ 18.9.2020 ਨੂੰ ਹੋਈ ਮੀਟਿੰਗ ਵਿੱਚ ਕੀਤੀਆਂ ਗਈਆਂ ਸਿਫਾਰਸ਼ਾਂ ਅਨੁਸਾਰ ਸਰਕਾਰ ਵਲੋਂ ਪੱਤਰ ਨੰ:2/24/2019-ਈਸ1(1)/ਪ.ਫ/803/1-3, ਮਿਤੀ 25.09.2020 ਨੂੰ ਜਾਰੀ ਕੀਤੇ ਹੁਕਮਾਂ ਦੇ ਪੈਰਾ ਨੰ:2 ਵਿੱਚ ਹੇਠ ਲਿਖੇ ਅਨੁਸਾਰ ਫੈਸਲਾ ਕੀਤਾ ਗਿਆ ਸੀ:-

> "ਇਸ ਲਈ ਵਿਭਾਗੀ ਤਰੱਕੀ ਕਮੇਟੀ ਦੀਆਂ ਹੇਠ ਅਨੁਸਾਰ ਕੀਤੀਆਂ ਸਿਫਾਰਸ਼ਾ ਦੇ ਆਧਾਰ ਤੇ ਵਿਭਾਗ ਵਿੱਚ ਜਿਵੇਂ ਜਿਵੇਂ ਰੋਸਟਰ ਨੁਕਤਿਆਂ ਅਨੁਸਾਰ ਨਿਗਰਾਨ ਇੰਜੀਨੀਅਰ (ਸਿਵਲ) ਦੀਆਂ ਅਸਾਮੀਆਂ ਉਪਲੱਬਧ ਹੋਣਗੀਆਂ ਉਸ ਅਨੁਸਾਰ ਹੀ ਖਾਲੀ ਹੋਈਆਂ ਅਸਾਮੀਆਂ ਨੂੰ ਰੋਸਟਰ ਨੁਕਤਿਆਂ ਅਤੇ ਉਸ ਸਮੇਂ ਦਾ ਰਿਕਾਰਡ ਆਦਿ ਵਾਚਣ ਉਪਰੰਤ ਪਦਉਨਤੀ ਲਈ ਵਿਚਾਰਿਆ ਜਾਵੇਗਾ।"

2 ਉਕਤ ਫੈਸਲੇ ਅਨੁਸਾਰ ਨਿਗਰਾਨ ਇੰਜੀਨੀਅਰਾਂ (ਸਿਵਲ) ਦੀ ਬਤੌਰ ਮੁੱਖ ਇੰਜੀਨੀਅਰ (ਸਿਵਲ) ਪਦ ਉਨਤੀ ਹੋਣ ਕਾਰਨ ਨਿਗਰਾਨ ਇੰਜੀਨੀਅਰ ਦੀਆ ਖਾਲੀ ਅਸਾਮੀਆਂ ਵਿਰੁੱਧ ਹੇਠ ਲਿਖੇ ਕਾਰਜਕਾਰੀ ਇੰਜੀਨੀਅਰਾਂ (ਸਿਵਲ) ਨੂੰ ਬਤੌਰ ਨਿਗਰਾਨ ਇੰਜੀਨੀਅਰ (ਸਿਵਲ) ਤਨਖਾਹ ਸਕੇਲ ਰੁਪਏ 37400-67000+8700 ਗਰੇਡ ਵਿੱਚ ਪਦ ਉਨਤ ਕੀਤਾ ਜਾਂਦਾ ਹੈ:-

| ਲੜੀ ਨੰ: | ਅਧਿਕਾਰੀ ਦਾ ਨਾਮ | ਸੀਨੀਆਰਤਾ ਨੰਬਰ | ਵਿਸ਼ੇਸ਼ ਕਥਨ |
|---|---|---|---|
| 1. | ਵਿਸ਼ਾਲ ਗੁਪਤਾ (ਜਨਰਲ) | 30 | |
| 2. | ਦੀਪਕ ਚੰਦ ਗੋਇਲ (ਜਨਰਲ) | 31 | |
| 3. | ਜਸਪਾਲ ਸਿੰਘ ਆਨੰਦ (ਜਨਰਲ) | 34 | |

3. ਨੋਟ :- (1) ਸੀਨੀਆਰਤਾ ਨੰ:32 ਤੇ ਦਰਸਾਏ ਸ੍ਰੀ ਇੰਦਰਜੀਤ ਸਿੰਘ ਪੁੱਤਰ ਸ੍ਰੀ ਮੋਹਨ ਸਿੰਘ ਵਿਰੁੱਧ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਰੂਲਜ 1970 ਦੇ ਨਿਯਮ-8 ਅਧੀਨ ਸਰਕਾਰ ਦੇ ਪੱਤਰ ਮਿਤੀ 12.05.2021 ਰਾਹੀਂ ਚਾਰਜਸ਼ੀਟ ਜਾਰੀ ਕਰਨ ਦਾ ਫੈਸਲਾ ਲਿਆ ਗਿਆ ਹੈ। ਇਸ ਲਈ ਅਧਿਕਾਰੀ ਦਾ ਕੇਸ ਸੀਲਡ ਕਵਰ ਵਿੱਚ ਰੱਖਿਆ ਜਾਂਦਾ ਹੈ।

ਨੋਟ:- (2) ਸੀਨੀਆਰਤਾ ਨੰ:33 ਤੇ ਦਰਸਾਏ ਅਧਿਕਾਰੀ ਸ੍ਰੀ ਅਜੀਤਪਾਲ ਸਿੰਘ ਬਰਾੜ ਦੇ ਲੰਬੇ ਸਮੇਂ ਤੋਂ ਗੈਰ ਹਾਜਰ ਹੋਣ ਕਾਰਨ ਅਤੇ ਉਸ ਦੀ ਸਲਾਨਾ ਗੁਪਤ ਰਿਪੋਰਟਾਂ ਉਪਲੱਬਧ ਨਾ ਹੋਣ ਕਾਰਨ ਵਿਭਾਗੀ ਤਰੱਕੀ ਕਮੇਟੀ ਵਲੋ ਪਦ ਉਨਤੀ ਦੀ ਸਿਫਾਰਸ਼ ਨਹੀਂ ਕੀਤੀ ਗਈ ਸੀ।

4. ਇਹ ਪਦ ਉਨਤੀਆਂ ਹੇਠ ਲਿਖੀਆਂ ਸ਼ਰਤਾਂ ਤੇ ਆਧਾਰਿਤ ਹੋਣਗੀਆਂ:-

(1) ਇਹ ਪਦ ਉਨਤੀਆਂ ਇੱਕ ਸਾਲ ਦੇ ਸਮੇਂ ਲਈ ਪਰਖਕਾਲ ਤੇ ਹੋਣਗੀਆਂ।

(2) ਇਹ ਪਦ-ਉਨਤੀਆਂ ਮਾਨਯੋਗ ਸੁਪਰੀਮ ਕੋਰਟ ਵਿੱਚ 85ਵੀਂ ਸਵਿਧਾਨਿਕ ਸੋਧ ਦੇ ਸਬੰਧ ਵਿੱਚ ਲੰਬਿਤ ਰਿੱਟ ਪਟੀਸ਼ਨ ਦੇ ਅੰਤਿਮ ਫੈਸਲੇ ਦੀ ਸ਼ਰਤ ਤੇ ਮੁੜ ਵਿਚਾਰਨਯੋਗ ਹੋਣਗੀਆਂ।

(3) ਵੱਖ-ਵੱਖ ਅਦਾਲਤਾਂ ਵਿੱਚ ਚੱਲ ਰਹੇ ਕੋਰਟ ਕੇਸਾਂ ਵਿੱਚ ਹੋਣ ਵਾਲੇ ਫੈਸਲਿਆਂ ਜਾਂ ਰਿਕਾਰਡ ਦੇ ਆਧਾਰ ਤੇ ਜਾਂ ਕੋਈ ਹੋਰ ਨਵੇਂ ਤੱਥ ਆਦਿ ਰਿਕਾਰਡ ਦੇ ਆਧਾਰ ਤੇ ਸਰਕਾਰ ਦੇ ਧਿਆਨ ਵਿੱਚ ਆਉਂਦੇ ਹਨ ਜਾਂ ਕੋਈ ਅਧਿਕਾਰੀ ਡੈਪੂਟੇਸ਼ਨ ਤੋਂ ਵਾਪਿਸ ਆਉਂਦਾ ਹੈ ਤਾਂ ਉਨਾਂ ਦੀ ਕੀਤੀ ਗਈ ਪਦ-

ਉਨਤੀਆਂ ਬਾਰੇ ਮੁੜ ਵਿਚਾਰ ਕੀਤਾ ਜਾਵੇਗਾ ਅਤੇ ਬਿਨਾਂ ਕਿਸੇ ਨੋਟਿਸ ਤੋਂ ਉਨਾਂ ਨੂੰ ਹੇਠਲੀ ਅਸਾਮੀ ਤੇ ਰਿਵਰਟ ਕਰ ਦਿੱਤਾ ਜਾਵੇਗਾ।

(4) ਜੇਕਰ ਕਿਸੇ ਅਧਿਕਾਰੀ ਵਲੋਂ ਇਹ ਪਦ-ਉਨਤੀ ਲੈਣ ਤੋਂ ਇੰਨਕਾਰ ਕੀਤਾ ਜਾਂਦਾ ਹੈ ਤਾਂ ਉਸ ਨੂੰ ਜਨਰਲ ਅਤੇ ਕਾਮਨਜ਼ ਕੰਡੀਸ਼ਨ ਰੂਲਜ 1994 ਦੇ ਰੂਲ 18(2) ਅਧੀਨ ਅਗਲੇ 02 ਸਾਲਾਂ ਲਈ ਪਦ-ਉਨਤੀ ਲਈ ਡੀਬਾਰ ਕੀਤਾ ਜਾਵੇਗਾ।

5. ਇਹ ਹੁਕਮ ਤੁਰੰਤ ਲਾਗੂ ਹੋਣਗੇ ਅਤੇ ਅਧਿਕਾਰੀ ਆਪਣੀ ਹਾਜ਼ਰੀ ਰਿਪੋਰਟ ਸਰਕਾਰ ਨੂੰ ਪੇਸ਼ ਕਰਨਗੇ।

**ਮਿਤੀ, ਚੰਡੀਗੜ੍ਹ:**
31.08.2021

**ਵਿਕਾਸ ਪ੍ਰਤਾਪ, ਆਈ.ਏ.ਐਸ,**
**ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ**
**ਲੋਕ ਨਿਰਮਾਣ ਵਿਭਾਗ (ਭ ਤੇ ਮ)**

ਪਿੱਠ.ਅੰ.ਨੰ:2/24/2020-1ੲਸ1ਪ.ਫ/310 ਮਿਤੀ, ਚੰਡੀਗੜ੍ਹ: 01/09/2021

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਲਈ ਭੇਜਿਆਂ ਜਾਂਦਾ ਹੈ:-

1. ਮਹਾਂਲੇਖਾਕਾਰ (ਲੇਖਾ ਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ।
2. ਮਹਾਂਲੇਖਾਕਾਰ (ਆਡਿਟ), ਪੰਜਾਬ, ਚੰਡੀਗੜ੍ਹ।
3. ਮੁੱਖ ਇੰਜੀਨੀਅਰ (ਹੈ.ਕੁ) ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ) ਪਟਿਆਲਾ।
4. ਮੁੱਖ ਇੰਜੀਨੀਅਰ ਪੀ.ਆਰ.ਬੀ.ਡੀ.ਬੀ, ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ) ਪਟਿਆਲਾ।
5. ਸਬੰਧਤ ਅਧਿਕਾਰੀ

1/9/21
ਸੁਪਰਡੰਟ

ਅੰਦਰੂਨੀ ਵੰਡ:-

1. ਸਕੱਤਰ/ਲੋਕ ਨਿਰਮਾਣ ਮੰਤਰੀ
2. ਨਿੱਜੀ ਸਕੱਤਰ/ਪ੍ਰਮੁੱਖ ਸਕੱਤਰ ਲੋਕ ਨਿਰਮਾਣ।
3. ਨਿੱਜੀ ਸਕੱਤਰ/ਵਧੀਕ ਸਕੱਤਰ ਲੋਕ ਨਿਰਮਾਣ।
4. ਸਸਸ/ਅਧੀਨ ਸਕੱਤਰ ਲੋਕ ਨਿਰਮਾਣ।
5. ਇਮਾਰਤਾਂ ਤੇ ਸੜਕਾਂ-1 ਅਤੇ 3 ਸ਼ਾਖਾ।